**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ**
**ਐਸ ਸੀ ਓ-104-106, ਸੈਕਟਰ– 34 A, ਚਡੀਗੜ੍ਹ**
**ਫੋਨ ਨੰ: 2623207,2621106,2624673,ਫੈਕਸ ਨੰ: 2624687,2323206**

ਵੱਲ

ਡਿਪਟੀ ਕਮਿਸ਼ਨਰ,
ਮਾਨਸਾ।

ਮੀਮੋ ਨੰ: 3/5-ICT-2008/MIS/GI-Comp./33328
ਮਿਤੀ 21-04-2010

ਵਿਸ਼ਾ: **ਮਰਦਮਸ਼ੁਮਾਰੀ ਵਾਸਤੇ ਸਕੂਲ ਦੀਆਂ ਕੰਪਿਊਟਰ ਲੈਬਾਂ ਅਤੇ ਬਿਲਡਿੰਗ ਇਸਤੇਮਾਲ ਕਰਨ ਬਾਰੇ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰੋ ਜੀ।

2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿੰ), ਮਾਨਸਾ ਵੱਲੋਂ ਸੂਚਨਾ ਪ੍ਰਾਪਤ ਹੋਈ ਹੈ ਕਿ ਆਪ ਜੀ ਨੇ ਸਕੂਲ ਦੀਆਂ ਕੰਪਿਊਟਰ ਲੈਬਾਂ ਅਤੇ ਬਿਲਡਿੰਗਾਂ ਵਰਤਣ ਲਈ ਆਦੇਸ਼ ਦਿੱਤੇ ਹਨ। ਇਸ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸਕੂਲਾਂ ਵਿੱਚ ਕੰਪਿਊਟਰ ਲੈਬਾਂ ਵਿਸ਼ੇਸ਼ ਤੌਰ ਤੇ ਬੱਚਿਆਂ ਨੂੰ ਕੰਪਿਊਟਰ ਸਿੱਖਿਆ ਦੇਣ ਲਈ ਹੀ ਸਥਾਪਿਤ ਕੀਤੀਆਂ ਗਈਆਂ ਹਨ। ਇਹ ਦੱਸਣਯੋਗ ਹੈ ਕਿ ਚਾਲੂ ਸਾਲ ਤੋਂ ਸਰਕਾਰ ਵੱਲੋਂ ਕੰਪਿਊਟਰ ਸਾਇੰਸ ਦਾ ਵਿਸ਼ਾ ਲਾਜ਼ਮੀ ਘੋਸ਼ਿਤ ਕੀਤਾ ਗਿਆ ਹੈ। ਕੰਪਿਊਟਰ ਸਿੱਖਿਆ ਮੁਹੱਇਆ ਕਰਵਾਉਣ ਲਈ ਬੱਚਿਆਂ ਤੋਂ 30 ਤੋਂ 35 ਰੁਪਏ ਪ੍ਰਤੀ ਮਹੀਨਾ ਕੰਪਿਊਟਰ ਫੀਸ ਚਾਰਜ ਕੀਤੀ ਜਾਂਦੀ ਹੈ। ਅਗਰ ਕੰਪਿਊਟਰ ਲੈਬਾਂ ਨੂੰ ਮਰਦਮਸ਼ੁਮਾਰੀ ਦੇ ਕੰਮ ਲਈ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਵੇਗਾ।

3. ਬੇਨਤੀ ਹੈ ਕਿ ਸਕੂਲ ਦੀਆਂ ਕੰਪਿਊਟਰ ਲੈਬਾਂ ਨੂੰ ਮਰਦਮਸ਼ੁਮਾਰੀ ਦੇ ਕੰਮ ਲਈ ਇਸਤੇਮਾਲ ਨਾ ਕੀਤਾ ਜਾਵੇ। ਪਰ ਅਗਰ ਇਹ ਬਹੁਤ ਜਰੂਰੀ ਹੈ ਤਾਂ ਜੂਨ ਦੇ ਮਹੀਨੇ ਵਿੱਚ ਜਦੋਂ ਬੱਚਿਆਂ ਨੂੰ ਛੁੱਟੀਆਂ ਹੋਣਗੀਆਂ, ਇਹ ਲੈਬਾਂ ਇਸਤੇਮਾਲ ਕੀਤੀਆਂ ਜਾ ਸਕਦੀਆਂ ਹਨ। ਆਪ ਜੀ ਦੇ ਦਫਤਰ ਵੱਲੋਂ ਲੈਬ ਨੂੰ ਚਲਾਉਣ ਲਈ ਸਕੂਲ ਨੂੰ ਬਿਜਲੀ ਅਤੇ ਇੰਨਟਰਨੈੱਟ ਦੇ ਖਰਚੇ ਦਾ ਮੁਨਾਸਿਬ ਮੁਆਵਜਾ ਅਦਾ ਕਰਨਾ ਠੀਕ ਹੋਵੇਗਾ।

**ਡਾਇਰੈਕਟਰ ਜਨਰਲ ਸਕੂਲ ਸਿਖਿਆ,ਪੰਜਾਬ**

ਪਿੱਠ ਅੰਕਣ ਨੰ : 3/5-ICT-2008/MIS/GI-Comp./ 33328-46 ਮਿਤੀ 21-04-2010

ਉਤਾਰਾ: (i) ਉਪਰੋਕਤ ਦਾ ਉਤਾਰਾ ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਨੂੰ ਸਹਿਯੋਗ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ii) ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੰ), ਪੰਜਾਬ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿਖਿਆ, ਪੰਜਾਬ**